# ਮਜ਼ਦੂਰ ਜਮਾਤ ਦਾ ਕੌਮਾਂਤਰੀ ਦਿਨ

ਇਕ ਮਈ 2011 ਨੂੰ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਪਸਮਾਂਦਾ ਲੋਕਾਂ ਨੇ ਦੁਨੀਆ ਭਰ ਵਿਚ ਮਜ਼ਦੂਰਾਂ ਦਾ ਆਲਮੀ ਦਿਨ ਮੁਜ਼ਾਰਿਆਂ ਅਤੇ ਰੈਲੀਆਂ ਕਰ ਕੇ ਮਨਾਇਆ। ਇਨ੍ਹਾਂ ਮੁਜ਼ਾਹਰਿਆਂ ਅਤੇ ਰੈਲੀਆਂ ਵਿਚ ਲੱਖਾਂ ਹੀ ਲੋਕਾਂ ਨੇ ਹਿੱਸਾ ਲਿਆ ਅਤੇ ਆਪਣੇ ਹੱਕਾਂ ਦੇ ਘੋਲ ਨੂੰ ਹੋਰ ਤੇਜ਼ ਕਰਨ ਦਾ ਮਤਾ ਪਕਾਇਆ।

ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਵਿਚ ਇਕ ਬਹੁਤ ਵੱਡਾ ਮੁਜ਼ਾਹਰਾ ਰਾਮ-ਲੀਲ੍ਹਾ ਗਰਾਉਂਡ ਤੋਂ ਚਲ ਕੇ ਟਾਊਨ ਹਾਲ ਪਹੁੰਚਿਆ। ਮੁਜ਼ਾਹਰਾ ਕਰਨ ਵਾਲੇ ਲੱਖਾਂ ਲੋਕ ਹਾਕਮ ਟੋਲੇ ਦੀਆਂ ਆਰਥਕ ਨੀਤੀਆਂ ਦੇ ਖ਼ਿਲਾਫ਼ ਨਾਅਰੇ ਲਾ ਰਹੇ ਸੀ। ਏਅਰ ਇੰਡੀਆ ਦੇ ਹੜਤਾਲ ਤੇ ਬੈਠੇ ਕਰਮਚਾਰੀ ਇਸ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਸੀ। ਮੁੰਬਈ, ਕਲਕੱਤਾ, ਚੇਨਈ ਅਤੇ ਹੋਰ ਅਨੇਕਾਂ ਛੋਟੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿਚ ਲੱਖਾਂ ਹੀ ਲੋਕਾਂ ਨੇ ਰੈਲੀਆਂ ਅਤੇ ਮੁਜ਼ਾਹਿਰੇ ਕੀਤੇ। ਪਾਕਿਸਤਾਨ, ਬੰਗਲਾਦੇਸ਼, ਸ੍ਰੀਲੰਕਾ ਅਤੇ ਨੇਪਾਲ ਵਿਚ ਵੀ ਬਹੁਤ ਵੱਡੇ ਮੁਜ਼ਾਹਰੇ ਹੋਏ।

ਇਸ ਤੰਬੋਲ ਵਿਚ ਦੋ ਲੱਖ ਤੋਂ ਵੀ ਜ਼ਿਆਦਾ ਲੋਕਾਂ ਨੇ ਮੁਜ਼ਾਹਰੇ ਵਿਚ ਹਿੱਸਾ ਲਿਆ ਅਤੇ ਬਰਲਿਨ ਜਰਮਨੀ ਵਿਚ ਚਾਰ ਲੱਖ ਤੋਂ ਜ਼ਿਆਦਾ ਲੋਕ ਸੜਕਾਂ ਤੇ ਆਏ। ਲੰਡਨ ਦੇ ਟਰਫ਼ੈਲਗਰ ਚੌਕ ਵਿਚ ਵੀ ਬਹੁਤ ਵੱਡੀ ਰੈਲੀ ਕੀਤੀ ਗਈ। ਸਿਉਲ ਕੋਰੀਆਂ ਵਿਚ ਵੀ ਲੱਖਾਂ ਲੋਕਾਂ ਨੇ ਰੋਸ ਵਿਖਾਵੇ ਵਿਚ ਹਿੱਸਾ ਲਿਆ। ਕਿਊਬਾ ਅਤੇ ਹੋਰਨਾਂ ਦੱਖਣੀ ਅਮਰੀਕਨ ਮੁਲਕਾਂ ਵਿਚ ਵੀ ਲੱਖਾਂ ਹੀ ਲੋਕਾਂ ਨੇ ਇਸ ਦਿਹਾੜੇ ਆਪਣੇ ਹੱਕਾਂ ਦੇ ਘੋਲ ਨੂੰ ਅੱਗੇ ਵਧਾਉਣ ਦੀਆਂ ਕਸਮਾਂ ਖਾਧੀਆਂ।

ਅਮਰੀਕਾ ਦੇ ਤਕਰੀਬਨ ਸੌ ਸ਼ਹਿਰਾਂ ਵਿਚ ਮਈ ਦਿਹਾੜੇ ਤੇ ਉਚੇਚਾ ਰੈਲੀਆਂ ਅਤੇ ਮੁਜ਼ਾਹਰੇ ਹੋਏ। ਦੁਨੀਆ ਦੇ ਤਕਰੀਬਨ ਸੌ ਮੁਲਕਾਂ ਵਿਚ ਇਹ ਦਿਹਾੜਾ ਸਰਕਾਰੀ ਛੁੱਟੀ ਦਾ ਦਿਨ ਹੁੰਦਾ ਹੈ। ਪਰ ਅਮਰੀਕਾ ਅਤੇ ਕਨੇਡਾ ਦਾ ਹਾਕਮ ਟੋਲਾ ਇਸ ਦਿਹਾੜੇ ਨੂੰ ਤਸਲੀਮ ਨਹੀਂ ਕਰਦਾ। ਹਾਲਾਂਕਿ 125 ਸਾਲ ਪਹਿਲਾਂ ਇਹ ਦਿਹਾੜਾ ਮਨਾਉਣ ਦਾ ਕੰਮ ਅਮਰੀਕਾ ਵਿਚੋਂ ਹੀ ਸ਼ੁਰੂ ਹੋਇਆ ਸੀ। ਉਸ ਵੇਲੇ ਦੀਆਂ ਮਜ਼ਦੂਰਾਂ ਦੀਆਂ ਜਥੇਬੰਦੀਆਂ ਨੇ ਸ਼ਿਕਾਗੋ ਦੇ ਹੇਅ ਮਾਰਕਿਟ ਸੁਕੇਅਰ ਵਿਚ ਹਾਕਮ ਟੋਲੇ ਦੇ ਗੁੰਡਿਆਂ ਅਤੇ ਪੁਲੀਸ ਵਲੋਂ ਕਈ ਮਜ਼ਦੂਰਾਂ ਦੇ ਕਤਲ ਦੇ ਖ਼ਿਲਾਫ਼ ਇਹ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਸੀ। ਅਮਰੀਕਾ ਦਾ ਹਾਕਮ ਟੋਲਾ ਮਜ਼ਦੂਰਾਂ ਅਤੇ ਲੋਕਾਂ ਨੂੰ ਆਪਣੇ ਹੱਕਾਂ ਲਈ ਲੜੇ ਹੋਏ ਘੋਲਾਂ ਦੀ ਤਾਰੀਖ਼ ਨੂੰ ਭੁਲਾ ਦੇਣ ਲਈ ਸਾਜ਼ਿਸ਼ਾਂ ਕਰਦਾ ਰਿਹਾ ਹੈ। ਇਸ ਲਈ ਉਨ੍ਹਾਂ ਨੇ ਮਈ ਦਿਹਾੜੇ ਤੋਂ ਬਿਲਕੁਲ ਵੱਖ ਇਕ ਲੇਬਰ ਡੇਅ ਦੀ ਕਾਢ ਕੱਢੀ ਹੈ। ਹਾਕਮ ਟੋਲਾ ਜਾਣਦਾ ਹੈ ਕਿ ਜਿਹੜੇ ਲੋਕ ਆਪਣੀ ਤਾਰੀਖ਼ ਅਤੇ ਤਿਉਹਾਰ ਭੁਲ ਜਾਂਦੇ ਹਨ ਉਨ੍ਹਾਂ ਨੂੰ ਦਬਾਉਣਾ ਅਤੇ ਕੁਰਾਹੇ ਪਾਉਣਾ ਬਹੁਤ ਹੀ ਸੌਖਾ ਹੁੰਦਾ ਹੈ। ਪਰ ਅਮਰੀਕਾ ਦੇ ਮਜ਼ਦੂਰ ਅਤੇ ਲੋਕ ਆਪਣੀਆਂ ਕੁਰਬਾਨੀਆਂ ਨੂੰ ਨਹੀਂ ਭੁਲੇ।

ਅਮਰੀਕਾ ਵਿਚ ਹੋਣ ਵਾਲੇ ਮੁਜ਼ਾਹਰਿਆਂ ਦੀ ਇਸ ਸਾਲ ਇਕ ਖ਼ਾਸੀਅਤ ਇਹ ਸੀ ਕਿ ਤਕਰੀਬਨ ਸਾਰੀਆਂ ਹੀ ਵੱਡੀਆਂ ਟਰੇਡ ਯੂਨੀਅਨਾਂ ਨੇ ਇਨ੍ਹਾਂ ਮੁਜ਼ਾਹਰਿਆਂ ਨੂੰ ਹੁੰਗਾਰਾ ਦਿਤਾ ਅਤੇ ਡੈਮੋਕਰੈਟਿਕ ਅਤੇ ਰਿਪਬਲੀਕਨ ਪਾਰਟੀ ਦੀਆਂ ਮਜ਼ਦੂਰ ਵਿਰੋਧੀ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਭੰਡਿਆ।ਉਨ੍ਹਾਂ ਨੇ ਜੇ ਵਿਸਕਾਨਸਨ ਦੇ ਸਕਾਟ ਵਾਲਕਰ ਦੇ ਕਾਨੂੰਨਾਂ ਨੂੰ ਭੰਡਿਆ ਤੇ ਨਾਲ ਹੀ ਮੈਸਾਚੂਸਟਸ ਦੇ ਗਵਰਨਰ ਡੁਵਾਲ ਪੈਟਰਿਕ ਅਤੇ ਹਾਊਸ ਆਫ਼ ਰਿਪਰੈਜ਼ੈਂਟੇਟਿਵ ਦੇ ਮਜ਼ਦੂਰ ਵਿਰੋਧੀ ਕਾਨੂੰਨ ਨੂੰ ਨਿੰਦਿਆ ਜਿਸ ਨਾਲ ਉਨ੍ਹਾਂ ਨੇ ਮਜ਼ਦੂਰਾਂ ਦੀਆਂ ਯੂਨੀਅਨਾਂ ਨੂੰ ਖ਼ਤਮ ਕਰਨ ਲਈ ਉਨ੍ਹਾਂ ਤੇ ਵਿਸਕਾਨਸਨ ਵਰਗੇ ਹੀ ਹਮਲੇ ਸ਼ੁਰੂ ਕਰ ਦਿਤੇ ਹਨ। ਪਹਿਲਾਂ ਅਕਸਰ ਇਸ ਦਿਹਾੜੇ ਦੀਆਂ ਰੈਲੀਆਂ ਵਿਚ ਇਮੀਗਰੈਂਟ ਹੀ ਜ਼ਿਆਦਾ ਹੁੰਦੇ ਸੀ ਪਰ ਪਿਛਲੇ ਕੁਝ ਸਾਲਾਂ ਤੋਂ ਜਦੋਂ ਤੋਂ ਹਾਕਮ ਟੋਲੇ ਨੇ ਮਜ਼ਦੂਰਾਂ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਤੇ ਹਮਲੇ ਤੇਜ਼ ਕੀਤੇ ਹਨ ਤਾਂ ਮਜ਼ਦੂਰ ਅਤੇ ਉਨ੍ਹਾਂ ਦੀਆਂ ਯੂਨੀਅਨਾਂ ਹੁੰਮ-ਹੁੰਮਾ ਕੇ ਇਨ੍ਹਾਂ ਮੁਜ਼ਾਹਰਿਆਂ ਵਿਚ ਪਹੁੰਚ ਰਹੇ ਹਨ।

ਵਿਸਕਾਨਸਨ ਦੇ ਮੈਡੀਸਨ ਸ਼ਹਿਰ ਵਿਚ ਸਟੇਟ ਕੈਪੀਟਲ ਦੀ ਇਮਾਰਤ ਵਿਚ ਹੀ ਹਜ਼ਾਰਾਂ ਲੋਕਾਂ ਨੇ ਇਕ ਪੀਪਲਜ਼ ਅਸੈਂਬਲੀ ਦਾ ਅਜਲਾਸ ਵੀ ਕੀਤਾ। ਇਸ ਪੀਪਲਜ਼ ਅਸੈਂਬਲੀ ਨੇ ਗਵਰਨਰ ਵਾਲਕਰ ਅਤੇ ਸਟੇਟ ਅਸੈਂਬਲੀ ਵਲੋਂ ਪਾਸ ਕੀਤੇ ਗਏ ਕਾਨੂੰਨਾਂ ਨੂੰ ਭੰਡਿਆ ਅਤੇ ਗਵਰਨਰ ਅਤੇ ਸਟੇਟ ਅਸੈਂਬਲੀ ਦੇ ਮੈਂਬਰਾਂ ਨੂੰ ਵਾਪਿਸ ਬੁਲਾਉਣ ਜਾਂ ਰੀਕਾਲ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਦਾ ਮਤਾ ਪਾਸ ਕੀਤਾ। ਕਈ ਯੂਨੀਅਨਾਂ ਜਿਵੇਂ ਕਿ ਫਾਇਰ ਫਾਈਟਰਜ਼ ਯੂਨੀਅਨ ਨੇ ਉਨ੍ਹਾਂ ਕੰਪਨੀਆਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਜਿਨ੍ਹਾਂ ਨੇ ਸਕਾਟ ਵਾਲਕਰ ਅਤੇ ਸਟੇਟ ਅਸੈਂਬਲੀ ਦੇ ਮੈਂਬਰਾਂ ਨੂੰ ਚੋਣਾਂ ਵਿਚ ਪੈਸੇ ਦਿਤੇ ਹਨ। ਹੋਰ ਕਈ ਯੂਨੀਅਨਾਂ ਨੇ ਵੀ ਆਪਣੇ ਮੈਂਬਰਾਂ ਅਤੇ ਆਮ ਲੋਕਾਂ ਨੂੰ ਇਹੋ ਜਿਹੀਆਂ ਕੰਪਨੀਆਂ ਅਤੇ ਕਾਰੋਬਾਰਾਂ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਹੈ। ਵਿਸਕਾਨਸਨ ਦੇ ਆਮ ਲੋਕ ਇਸ ਅਪੀਲ ਨੂੰ  ਕਾਫ਼ੀ ਹੁੰਗਾਰਾ ਦੇ ਰਹੇ ਹਨ। ਕਈ ਯੂਨੀਅਨਾਂ ਨੇ ਇਹ ਵੀ ਫੈਸਲਾ ਕੀਤਾ ਕਿ ਉਹ ਫੈਡਰਲ ਚੋਣਾਂ ਵਿਚ ਕਿਸੇ ਵੀ ਪਾਰਟੀ ਜਾਂ ਉਮੀਦਵਾਰ ਨੂੰ ਕੋਈ ਪੈਸਾ ਨਹੀਂ ਦੇਣਗੇ।